ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ 7 ਸ਼ਾਖਾ)

ਸੇਵਾ ਵਿਖੇ

ਡਾਇਰੈਕਟਰ ਐਸ.ਸੀ.ਈ.ਆਰ.ਟੀ.,
ਪੰਜਾਬ, ਮੁਹਾਲੀ।

ਮੀਮੋ ਨੰ. 7/26/2008-5ਸਿ7/10381/1
ਮਿਤੀ ਚੰਡੀਗੜ੍ਹ 7-1-13

ਵਿਸ਼ਾ ਪ੍ਰਾਈਵੇਟ ਸੈਲਫ ਫਾਇਨਾਂਸਡ ਈ.ਟੀ.ਟੀ. ਕਾਲਜਾਂ ਵਿੱਚ ਈ.ਟੀ.ਟੀ. (ਡੀ.ਐਲ.ਐਡ.) ਕੋਰਸ ਲਈ ਫੀਸਾਂ ਨਿਰਧਾਰਿਤ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ. 9/120-12 ਡਾਇਟ(3), ਮਿਤੀ 11-10-2012 ਦੇ ਹਵਾਲੇ ਵਿੱਚ।

2. ਸਰਕਾਰ ਦੀ ਅਧਿਸੂਚਨਾ ਨੰ. 7/26/2008-5ਸਿ7/3327, ਮਿਤੀ 10-09-2012 ਰਾਹੀਂ ਪ੍ਰਾਈਵੇਟ ਸੈਲਫ ਫਾਈਨਾਂਸਡ ਈ.ਟੀ.ਟੀ. ਸੰਸਥਾਂਵਾਂ ਦੀ ਫੀਸ ਨਿਰਧਾਰਿਤ ਕਰਨ ਲਈ ਬਣਾਈ ਗਈ ਕਮੇਟੀ ਦੇ ਮੈਂਬਰਾਂ ਦੀ ਸਮੇਂ-ਸਮੇਂ ਤੇ ਹੋਈ ਮੀਟਿੰਗ ਦੋਰਾਨ ਸਰਵਸੰਮਤੀ ਨਾਲ ਲਏ ਗਏ ਫੈਸਲੇ ਅਨੁਸਾਰ ਪ੍ਰਾਈਵੇਟ ਸੈਲਫ ਫਾਈਨਾਂਸਡ ਈ.ਟੀ.ਟੀ. ਸੰਸਥਾਵਾਂ ਅਤੇ ਸਰਕਾਰੀ ਜਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਂਵਾਂ ਵਿੱਚ ਦੋ ਸਾਲਾ ਈ.ਟੀ.ਟੀ. (ਡੀ.ਐਲ.ਐਡ.) ਕੋਰਸ ਲਈ ਸੈਸਨ 2012-2014 ਤੋਂ ਹੇਠ ਲਿਖੇ ਅਨੁਸਾਰ ਫੀਸਾਂ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ:-

1. ਪ੍ਰਾਈਵੇਟ ਕਾਲਜਾਂ ਵੱਲੋਂ 60% ਕਾਮਨ ਮੈਰਿਟ ਰਾਹੀਂ ਭਰੀਆਂ ਜਾਣ ਵਾਲੀਆਂ ਸੀਟਾਂ ਤੇ ਫੀਸ 40,000/- ਰੁਪਏ ਸਾਲਾਨਾ।
2. ਪ੍ਰਾਈਵੇਟ ਸੰਸਥਾਂਵਾਂ ਵਿੱਚ 40% ਮੈਨੇਜਮੈਂਟ ਕੋਟੇ ਰਾਹੀਂ ਭਰੀਆਂ ਜਾਣ ਵਾਲੀਆਂ ਸੀਟਾਂ ਤੇ ਫੀਸ 44,000/- ਰੁਪਏ ਸਾਲਾਨਾ।
3. ਸਰਕਾਰੀ ਡਾਇਟ ਦੀ ਫੀਸ 8,500/- ਰੁਪਏ ਸਾਲਾਨਾ।

ਇਹ ਵੀ ਯਕੀਨੀ ਬਣਾਇਆ ਜਾਵੇ ਕਿ ਵਿਦਿਆਰਥੀਆਂ ਨੂੰ ਡਾਇਟਾਂ ਅਤੇ ਪ੍ਰਾਇਵੇਟ ਕਾਲਜਾਂ ਵਿੱਚ ਮਿਆਰੀ ਸਿੱਖਿਆ/ਟ੍ਰੇਨਿੰਗ ਮੁਹੱਈਆ ਕਰਵਾਉਣ ਲਈ ਲੋੜੀਂਦੇ ਕਦਮ ਉਠਾਏ ਜਾਣ ।

3. ਇਹ ਪੱਤਰ ਮਾਨਯੋਗ ਸਿੱਖਿਆ ਮੰਤਰੀ, ਪੰਜਾਬ, ਜੀ ਦੇ ਹੁਕਮ ਮਿਤੀ 22-12-2012 ਅਨੁਸਾਰ ਜਾਰੀ ਕੀਤਾ ਜਾਂਦਾ ਹੈ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ